**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ....4128..../ਸੀ.ਓ.ਈ.
ਮਿਤੀ...23/06/2022...

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ,

ਜਿਵੇਂ ਕਿ ਆਪ ਸਭ ਨੂੰ ਪਤਾ ਹੈ ਕਿ ਮਈ 2020, ਦਸੰਬਰ 2020 ਅਤੇ ਮਈ 2021 ਵਿਚ ਰੈਗੂਲਰ ਅਤੇ ਡਿਸਟੈਂਸ ਐਜੂਕੇਸ਼ਨ ਦੀਆਂ ਆਨ-ਲਾਈਨ ਪ੍ਰੀਖਿਆਵਾਂ ਹੋਈਆਂ ਸਨ ਪਰੰਤੂ ਇਹ ਦੇਖਿਆ ਗਿਆ ਹੈ ਕਿ ਅਵਾਰਡ ਲਿਸਟਾਂ ਇਕ-ਇਕ ਜਾਂ ਦੋ-ਦੋ ਸਾਲਾਂ ਤੱਕ ਵੀ ਪ੍ਰੀਖਿਆ ਸ਼ਾਖਾ ਵਿਖੇ ਪ੍ਰਾਪਤ ਨਹੀਂ ਹੋਈਆਂ। ਪ੍ਰੀਖਿਆ ਸ਼ਾਖਾ ਵਿਖੇ ਅੱਜ ਵੀ ਮਈ 2020, ਦਸੰਬਰ 2020 ਅਤੇ ਮਈ 2021 ਦੇ ਵਿਦਿਆਰਥੀਆਂ ਦੀਆਂ ਅਵਾਰਡ ਲਿਸਟਾਂ ਪ੍ਰਾਪਤ ਹੋ ਰਹੀਆਂ ਹਨ ਜਿਸ ਨਾਲ ਰਿਜ਼ਲਟ ਕੱਢਣ ਵਿਚ ਬਹੁਤ ਮੁਸ਼ਕਿਲ ਆ ਰਹੀ ਹੈ। ਇਸ ਲਈ ਵਾਈਸ-ਚਾਂਸਲਰ ਸਾਹਿਬ ਵਲੋਂ ਹੋਏ ਆਦੇਸ਼ਾਂ ਦੀ ਲੋਅ ਵਿਚ, ਪੱਤਰ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦਾ ਸਮਾਂ ਦਿੰਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਕੋਲ ਜੋ ਵੀ ਉੱਤਰ ਕਾਪੀ ਉਪਲਬਧ ਹੈ ਉਸ ਦਾ ਮੁਲਾਂਕਣ ਕਰਨ ਉਪਰੰਤ ਅਵਾਰਡ ਲਿਸਟਾਂ ਨਿਗਰਾਨ ਅਵਾਰਡ ਸੈਕਸ਼ਨ ਨੂੰ ਭੇਜੀਆਂ ਜਾਣ, ਜੇਕਰ 15 ਦਿਨਾਂ ਬਾਅਦ ਉਪਰੋਕਤ sessions ਦੀ ਕੋਈ ਥਿਊਰੀ ਪੇਪਰ ਦੀ ਅਵਾਰਡ ਪ੍ਰਾਪਤ ਹੁੰਦੀ ਹੈ ਤਾਂ 5000/-ਰੁ: (ਪੰਜ ਹਜ਼ਾਰ) ਜੁਰਮਾਨਾ ਭਰਵਾਇਆ ਜਾਵੇਗਾ। ਇਸ ਤੋਂ ਇਲਾਵਾ ਜੇ ਅਵਾਰਡ ਲਿਸਟ 06 ਹਫਤਿਆਂ ਵਿਚ ਵੀ ਪ੍ਰਾਪਤ ਨਹੀਂ ਹੁੰਦੀ ਤਾਂ ਅਵਾਰਡ ਲਿਸਟ ਨਾਲ 10,000/-ਰੁ: (ਦਸ ਹਜ਼ਾਰ) ਜੁਰਮਾਨਾ ਲਿਆ ਜਾਵੇਗਾ ਅਤੇ ਵਿਭਾਗੀ ਕਾਰਵਾਈ ਵੀ ਸੁਰੂ ਕੀਤੀ ਜਾਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

**ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ, ਪ੍ਰਿੰਸੀਪਲ, ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ ਅਤੇ ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਆਦੇਸ਼ ਕਾਲਜ਼ ਦੇ ਸਾਰੇ ਅਧਿਆਪਕ ਸਾਹਿਬਾਨ ਨੂੰ ਨੋਟ ਕਰਵਾ ਦੇਣ।**

G Singh 23/6/22
**ਕੰਟਰੋਲਰ (ਪ੍ਰੀਖਿਆਵਾਂ)**

ਉਤਾਰਾ:-

1. ਨਿਗਰਾਨ, ਜੀ.ਏ. :- ਸਮੂਹ ਪ੍ਰੀਖਿਆ ਸ਼ਾਖਾ ਵਿਖੇ ਸਰਕੂਲੇਟ ਕਰਨ ਹਿੱਤ। ਸਰਕੂਲੇਟ ਕਰਨ ਉਪਰੰਤ ਕੰਟਰੋਲਰ ਦਫਤਰ ਵਿਖੇ ਲਿਖਤੀ ਰੂਪ ਵਿਚ ਸੂਚਿਤ ਕੀਤਾ ਜਾਵੇ।